# ਬਿਨ – ਪੱਤਰ – ਪਾਣੀ ਦੇ ਕੁਨੈਕਸ਼ਨ ਲੈਣ ਲਈ

ਸੇਵਾ ਵਿਖੇ,
ਚੈਅਰਮੈਨ
ਗ੍ਰਾਮ ਪੰਚਾਇਤ ਜਲ  ਅਤੇ ਸੈਨੀਟੇਸ਼ਨ ਕਮੇਟੀ
ਬਲਾਕ..................... ਜਿਲ੍ਹਾ .................

ਸ੍ਰੀ ਮਾਨ ਜੀ,

ਮੈ ਸ੍ਰੀ /ਸ੍ਰੀ ਮਤੀ .................................................. ਪੁੱਤਰ/ਪਤਨੀ ਸ੍ਰੀ.......................... ਮਹੁੱਲਾ / ਗਲੀ ਦਾ ਨਾਂ............................ ਬਲਾਕ ................................. ਜਿਲ੍ਹਾ .........................ਦਾ ਰਹਿਣ ਵਾਲਾ / ਵਾਲੀ ਹਾਂ।

ਮੈਂ ਜਲ ਅਤੇ ਸੈਨੀਟੇਸ਼ਨ ਕਮੇਟੀ ਤੋਂ ਆਪਣੇ ਘਰ ਵਿੱਚ ਪਾਣੀ ਦਾ ਨਵਾਂ ਕੁਨੈਕਸ਼ਨ ਲੈਣਾ ਚਾਹੁੰਦਾ / ਚਾਹੁੰਦੀ ਹਾਂ। ਇਸ ਲਈ ਮੈ ਲੋੜੀਂਦੀ ਫੀਸ ਜਾਂ ਹੋਰ ਰਕਮ ਜਿਹੜੀ ਕਮੇਟੀ ਵੱਲਂ ਦੱਸੀ  ਜਾਵੇਗੀ ਅਤੇ ਜਿਹੜੇ ਪਾਣੀ ਦੇ ਬਿੱਲ / ਖਰਚੇ ਦੱਸੇ ਜਾਣਗੇ ਉਹ ਵੀ ਦੇਣ ਲਈ ਰਜ਼ਾਮੰਦ ਹਾਂ। ਮੈ ਜਲ ਸਪਲਾਈ ਕਮੇਟੀ ਦੇ ਨਿਯਮਾਂ ਦੇ ਪਾਬੰਦ ਰਹਿਣ ਦਾ ਇਕਰਾਰ ਕਰਦਾ / ਕਰਦੀ ਹਾਂ।

ਮੈ ਜਾਣਦਾ / ਜਾਣਦੀ ਹਾਂ ਕਿ ਕਮੇਟੀ ਵੱਲੋਂ ਜੋ ਵੀ ਕਨੈਕਸ਼ਨ ਫੀਸ ਰੱਖੀ ਗਈ ਹੈ ਉਸ ਵਿੱਚ ਮੇਨ ਪਾਈਪ ਉਪਰ ਕੁਨੈਕਸ਼ਨ ਕਰਨ ਅਤੇ ਘਰ ਤੱਕ ਨਵੀਂ ਪਾਈਪ ਲਗਾਉਣਾ ਸ਼ਾਮਿਲ ਨਹੀ ਹੈ ਅਤੇ ਇਸ ਮੰਤਵ ਲਈ ਮੈ ਆਪਣੇ ਖਰਚੇ ਤੇ ਲੋੜੀਂਦੀ ਕਾਰਵਾਈ ਕਮੇਟੀ ਦੀ ਪ੍ਰਵਾਨਗੀ ਅਨੁਸਾਰ ਕਰਾਉਣੀ ਹੈ। ਇਸ ਲਈ ਮੇਰ ਘਰ ਲਈ ਪਾਣੀ ਦਾ ਨਵਾਂ ਕੁਨੈਕਸ਼ਨ ਮੰਜ਼ਰ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

**ਬਿਨੈਕਾਰ ਦੇ ਹਸਤਾਖਰ.......................................**

**<u>ਸਵੈ-ਘੋਸਣਾ</u>**

ਮੈ.................... ਪੁੱਤਰ / ਪਤਨੀ ਸ੍ਰੀ....................... ਪਿੰਡ.......................... ਬਲਾਕ.................. ਜਿਲ੍ਹਾ......................... ਹੇਠ ਲਿਖੇ ਅਨੁਸਾਰ ਇਕਰਾਰ ਕਰਦੀ / ਕਰਦਾ ਹਾਂ।

1. ਮੈਂ ਗ੍ਰਾਮ ਪੰਚਾਇਤ ਜਲ ਅਤੇ ਸੈਨੀਟੇਸ਼ਨ ਕਮੇਟੀ ਦੇ ਨਿਯਮਾਂ / ਉਪ ਨਿਯਮਾਂ ਅਤੇ ਸਮੇ ਸਮੇ ਸਿਰ ਸੋਧੇ ਹੋਏ ਨਿਯਮਾਂ ਦੀ ਪਾਲਣਾ ਕਰਾਂਗਾ / ਕਰਾਂਗੀ।
2. ਮੈ ਕੁਨੇਕਸ਼ਨ ਲਈ ਲੱਗਣ ਵਾਲਾ ਸਮਾਨ ਜਿਵੇ ਫਰੂਲ, ਸਟਾਪ ਕਾਕ ਅਤੇ ਲੋੜੀਦੀ ਪਾਈਪ ਸਮੇਤ ਮਜਦੂਰੀ ਦਾ ਪ੍ਰਬੰਧ ਆਪਣੇ ਖਰਚੇ ਤੇ ਕਰਾਂਗਾ / ਕਰਾਂਗੀ।
3. ਮੈਂ ਪਾਣੀ ਦਾ ਕੁਨੈਕਸ਼ਨ ਬਿਨਾਂ ਮੀਟਰ ਤੋਂ ਲੈਣ ਲਈ ਤਿਆਰ ਹਾਂ ਇਸ ਸਬੰਧੀ ਪਾਣੀ ਦੇ ਬਿਲ/ਖਰਚੇ.......... ਰੁਪਏ ਮਹੀਨਾਂ (ਜੀ.ਪੀ.ਡਬਲਯੂ.ਐਸ.ਸੀ. ਦੁਆਰਾ ਨਿਰਧਾਰਿਤ) ਜਾਂ ਫਿਰ ਜਿਹੜਾ ਹੋਰ ਰੇਟ ਜਲ ਤੇ ਸੈਨੀਟੇਸ਼ਨ ਕਮੇਟੀ ਦੁਆਰਾ ਸਮੇ-ਸਮੇ ਸਿਰ ਮਿਥਿਆ ਜਾਵੇਗਾ, ਦੇਣ ਲਈ ਰਜ਼ਾਮੰਦ ਹਾਂ।
4. ਮੈਂ ਪਾਣੀ ਦੇ ਬਿਲ/ਖਰਚੇ ਮਿੱਥੀ ਮਿਤੀ ਤੇ ਜਮਾਂ ਕਰਾਉਦਾ ਰਹਾਗਾਂ । ਮਿੱਥੀ ਮਿਤੀ ਤੋਂ ਬਾਅਦ ਬਿਲ ਜਮਾਂ ਕਰਾਉਣ ਤੇ ਬਿਲ ਦੇ ਨਾਲ .............ਰੁਪਏ ਜੁਰਮਾਨਾ ਦੇਵਾਂਗਾ/ਦੇਵਾਂਗੀ।
5. ਜੇਕਰ ਮੇਰੇ ਪਾਣੀ ਦੇ ਬਿਲ/ਖਰਚੇ ਜਮਾਂ ਨਾ ਕਰਾਉਣ ਕਾਰਨ ਮੇਰਾ ਪਾਣੀ ਦਾ ਕੁਨੈਕਸ਼ਨ ਕੱਟਿਆ ਗਿਆ ਤਾਂ ਮੈ ......... ਰੁਪਏ (ਕਮੇਟੀ ਦੁਆਰਾ ਨਿਰਧਾਰਿਤ) ਕੁਨੈਕਸ਼ਨ ਕੱਟਣ ਦੇ ਅਤੇ .............. ਰੁਪਏ (ਕਮੇਟੀ ਦੁਆਰਾ ਨਿਰਧਾਰਿਤ) ਦੁਬਾਰਾ ਲਗਾਉਣ ਦੇ ਚਾਰਜਿਜ਼ ਦੇਣ ਦਾ ਪਾਬੰਦ ਹੋਵਾਂਗਾ / ਹੋਵਾਂਗੀ।
6. ਜੇਕਰ ਪਾਈਪ ਲਾਈਨ ਤੋ ਅੱਗੇ ਮੇਰੇ ਘਰ ਨੂੰ ਜਾਣ ਲਈ ਲਾਈਨ ਜਾਂ ਕਿਸੇ ਫਿਟਿੰਗ ਵਿੱਚ ਲੀਕੇਜ ਹੋਣ ਕਾਰਨ ਕਿਸੇ ਬਿਲਡਿੰਗ ਜਾਂ ਸੜਕ ਜਾਂ ਹੋਰ ਵਿਭਾਗ ਦਾ ਨੁਕਸਾਨ ਹੋਇਆ ਤਾਂ ਉਸ ਲਈ ਜਿੰਮੇਵਾਰ ਮੈ ਹੋਵਾਗਾਂ /ਹੋਵਾਗੀਂ।
7. ਮੈਂ ਆਪਣੇ ਪਾਣੀ ਦੇ ਕੁਨੈਕਸ਼ਨ ਤੇ ਕੋਈ ਪੰਪਿੰਗ ਸੈਟ ਨਹੀ ਲਗਾਵਾਂਗਾ । ਜੇਕਰ ਮੈ ਇਸਦੀ ਉਲੰਘਣਾ ਕਰਾਂਗਾ ਤਾਂ ਪੰਪਿਗ ਸੈਟ / ਟੁਲੂ ਪੰਪ ਜਬਤ ਕਰ ਲਿਆ ਜਾਵੇ ਅਤੇ ਕਮੇਟੀ ਰਾਹੀਂ ਨਿਰਧਾਰਤ ......... ਰੁਪਏ ਦਾ ਜੁਰਮਾਨਾ ਦੇਣ ਦਾ ਪਾਬੰਦ ਹੋਵਾਂਗਾ।
8. ਜੇਕਰ ਪਾਣੀ ਦਾ ਪਰੈਸ਼ਰ ਕਿਸੇ ਤਕਨੀਕੀ ਨੁਕਸ ਕਾਰਨ ਘੱਟ ਹੋ ਜਾਵੇ ਤਾਂ ਮੈ ਕੋਈ ਮੁਆਵਜ਼ਾ ਨਹੀ ਮੰਗਾਗਾਂ।
9. ਜੇਕਰ ਪਾਣੀ ਦੀ ਸਪਲਾਈ ਬਿਜਲੀ ਬੰਦ ਹੋਣ ਕਾਰਨ, ਡੀਜ਼ਲ ਨਾ ਹੋਣ ਕਾਰਨ, ਕੋਈ ਤਕਨੀਕੀ ਨੁਕਸ ਪੈਣ ਕਾਰਨ ਜਾਂ ਪਾਈਪ ਲਾਈਨ ਫੱਟ ਜਾਣ ਕਾਰਨ ਬੰਦ ਰਹੀ ਤਾਂ ਮੈ ਮੁਆਵਜ਼ਾ ਨਹੀ ਮੰਗਾਂਗਾ।
10. ਜੇਕਰ ਪਾਣੀ ਦੇ ਸਹੀ ਇਸਤਮਾਲ ਲਈ / ਮੈ ਆਪਣੇ ਘਰ ਵਿੱਚ ਪਾਣੀ ਦੀ ਟੂਟੀ ਨਾਂ ਲਗਵਾਈ ਜਾਂ ਵਰਤੋਂ ਉਪਰੰਤ ਬੰਦ ਨਹੀ ਰੱਖੀ ਜਾਂ ਉਪਲੱਬਧ ਪਾਣੀ ਦਾ ਇਸਤਮਾਲ ਪੀਣ ਤੋਂ ਇਲਾਵਾ ਬਗੀਚੇ ਆਦਿ ਲਈ ਕਰਾਂਗਾ / ਕਰਾਂਗੀ ਤਾਂ ਕਮੇਟੀ ਕੁਨੇਕਸ਼ਨ ਕੱਟਣ ਦੀ ਹੱਕਦਾਰ ਹੋਵੇਗੀ।

**ਇਕਰਾਰ ਕਰਤਾ**

ਮੈ ਸਮਝ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਮੇਰਾ ਉਕਤ ਬਿਆਨ ਮੇਰੀ ਜਾਣਕਾਰੀ ਤੇ ਸਮਝ ਅਨੁਸਾਰ ਸਹੀ ਅਤੇ ਦਰੁਸਤ ਹੈ ਅਤੇ ਇਸ ਵਿੱਚ ਮੇਰੇ ਵੱਲੋਂ ਕੋਈ ਗੱਲ ਲੁਕਾਈ ਨਹੀ ਗਈ।

**ਬਿਆਨ ਕਰਤਾ**